ਲੋਕਲ ਅਥੋਰਿਟੀ ਸਪੈਸ਼ਲ ਏਜੁਕੇਸ਼ਨ ਨੀਡਜ਼ ਲਈ ਸਕੂਲਾਂ ਨੂੰ ਸਾਜੋ ਸਮਾਨ ਹੇਠਾਂ ਲਿੱਖੇ ਤਿੰਨ ਤਰੀਕਿਆਂ ਰਾਹੀਂ ਦਿੰਦੀ ਹੈ:

1. ਏਜ਼ ਵੇਟਿੰਡ ਪਿਉਪਲ ਯੁਨਿਟ (AWPU) (ਉਮਰ ਦੇ ਲਿਹਾਜ਼ ਨਾਲ ਵਿਦਿਆਰਥੀਆਂ ਲਈ ਯੂਨਿਟ)
2. ਵਾਧੂ ਸਪੈਸ਼ਲ ਏਜੁਕੇਸ਼ਨ ਨੀਡਜ਼ (ਵਾਧੂ ਖਾਸ ਜ਼ਰੂਰਤਾਂ ਹੋਣ ਵਾਲਿਆਂ) ਲਈ ਫੰਡਿੰਗ, ਸਕੂਲ ਐਕਸ਼ਨ ਵਾਲੇ ਰਜਿਸਟਰ ਤੇ ਹੋਣ ਵਾਲੇ ਬੱਚਿਆਂ ਲਈ
3. ਸਕੂਲ ਐਕਸ਼ਨ ਪਲੱਸ ਜਾਂ ਸਟੇਟਮੈਂਟ ਤੇ ਹੋਣ ਵਾਲੇ ਬੱਚਿਆਂ ਲਈ ਫੰਡਿੰਗ (ਮੇਨਸਟਰੀਮ ਸਪੋਰਟ ਗਰੁੱਪ ਜਾਂ ਮੇਨਸਟਰੀਮ ਸਪੋਰਟ ਗਰੁੱਪ ਫੰਡਿੰਗ)

## ਏਜ਼ ਵੇਟਿੰਡ ਪਿਉਪਲ ਯੁਨਿਟ (ਉਮਰ ਦੇ ਲਿਹਾਜ਼ ਨਾਲ)
## AWPUs (Age Weighted Pupil Unit)

ਸਾਰੇ ਮੇਨਸਟਰੀਮ ਸਕੂਲਾਂ ਨੂੰ ਹਰ ਇੱਕ ਬੱਚੇ ਲਈ ਬੁਨਿਆਦੀ ਆਧਾਰ ਤੇ ਸਕੂਲ ਦੇ ਬਜ਼ਟ ਵਿੱਚ ਪੈਸੇ ਮਿਲਦੇ ਹਨ। ਇਸ ਨੂੰ ਏਜ਼ ਵੇਟਿੰਡ ਪਿਉਪਲ ਯੁਨਿਟ ਕਿਹਾ ਜਾਂਦਾ ਹੈ। ਤਕਰੀਬਨ 80% ਸਕੂਲ ਦਾ ਬਜ਼ਟ ਏਜ਼ ਵੇਟਿੰਡ ਪਿਉਪਲ ਯੁਨਿਟ ਨਾਲ ਬਣਦਾ ਹੈ।

ਇਸ ਵਿੱਚ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਪੈਸਾ ਸ਼ਾਮਲ ਹੁੰਦਾ ਹੈ। ਸਾਰੇ ਸਕੂਲਾਂ ਨੂੰ ਆਮ ਬਜ਼ਟ ਦੇ ਹਿੱਸੇ ਵਿੱਚ ਖ਼ਰਚਣ ਲਈ ਪਲੈਨ ਬਣਾਉਣ ਵਿੱਚ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਬੱਚਿਆਂ ਦੀ ਮਦਦ ਨੂੰ ਵੀ ਸ਼ਾਮਲ ਕਰਨਾ ਹੁੰਦਾ ਹੈ।

## ਸਕੂਲ ਐਕਸ਼ਨ (ਸਕੂਲ ਲਈ ਕਦਮ ਚੁੱਕਣ) ਲਈ ਫੰਡਿੰਗ
## Funding for School Action

ਫੰਡਿੰਗ ਦਾ ਦੂਸਰਾ ਲੈਵਲ ਸਕੂਲਾਂ ਨੂੰ ਆਪਣੇ ਬਜ਼ਟ ਵਿੱਚ ਸ਼ਾਮਲ ਕਰਨਾ ਹੁੰਦਾ ਹੈ ਜੋ ਇਸ ਰਾਹੀਂ ਮਿਲਦਾ ਹੈ ਜਿਸ ਨੂੰ ਵਾਧੂ ਹੋਰ ਖਾਸ ਵਿਦਿਅਕ ਲੋੜਾਂ ਕਿਹਾ ਜਾਂਦਾ ਹੈ ਜਾਂ 'ਸਕੂਲ ਐਕਸ਼ਨ ਫੰਡਿੰਗ' 'ਸਕੂਲ ਲਈ ਕਦਮ ਚੁੱਕਣ ਲਈ ਪੈਸਾ' ਕਿਹਾ ਜਾਂਦਾ ਹੈ।

ਇੱਕ ਹੀ ਸਾਈਜ਼ ਦੇ ਦੋ ਸਕੂਲ ਸ਼ਾਇਦ ਇਸ ਆਧਾਰ ਤੇ ਬਹੁਤ ਵੱਖਰੇ ਹੋਣ ਕਿ ਉਨ੍ਹਾਂ ਕੋਲ ਕਿਤਨੇ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਬੱਚੇ ਹਨ। ਪੰਜ ਵਿੱਚੋਂ ਇੱਕ ਵਿਦਿਆਰਥੀ ਨੂੰ ਸਕੂਲ ਦੀ ਜ਼ਿੰਦਗੀ ਵਿੱਚ ਕਦੀ ਨਾ ਕਦੀ ਕਿਸੇ ਨਾ ਕਿਸੇ ਕਿਸਮ ਦੀਆਂ ਸਪੈਸ਼ਲ ਏਜੁਕੇਸ਼ਨ ਨੀਡਜ਼ ਹੋਣਗੀਆਂ। ਹਰ ਇੱਕ ਸਕੂਲ ਵਿੱਚ ਅਸਲੀ ਗਿਣਤੀ ਕੁਝ ਉਸ ਤੇ ਨਿਰਭਰ ਕਰਦੀ ਹੈ ਕਿ ਸਕੂਲ ਕਿਹੜੇ ਲੋਕਲ ਏਰੀਏ ਲਈ ਹੈ।

ਨੌਟਿੰਘਮ ਵਿੱਚ ਇਸ ਗੱਲ ਦਾ ਯਕੀਨ ਕਰਨ ਲਈ ਕਿ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਜ਼ਿਆਦਾ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਜ਼ਿਆਦਾ ਫੰਡ ਦਿੱਤਾ ਜਾਵੇ ਇਸ ਲਈ ਸਕੂਲ ਐਕਸ਼ਨ ਦੀ ਮਿਕਦਾਰ ਸਕੂਲਾਂ ਦੇ ਬਜ਼ਟ ਵਿੱਚ ਹੀ ਸ਼ਾਮਲ ਕੀਤੀ ਹੁੰਦੀ ਹੈ।

ਬਹੁਤ ਜ਼ਿਆਦਾ ਅਸਰਦਾਇਕ ਤਰੀਕਾ ਵਾਧੂ ਸਪੈਸ਼ਲ ਏਜੁਕੇਸ਼ਨਲ ਨੀਡਜ਼ ਲਈ ਫੈਸਲਾ ਕਰਨ ਲਈ ਇਹ ਦੇਖਣਾ ਕਿ ਸਕੂਲ ਵਿੱਚ ਫਰੀ ਮੀਲ (ਮੁਫ਼ਤ ਖਾਣਾ) ਲੈਣ ਜਾਂ ਕਪੜਿਆਂ ਲਈ ਭੱਤਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਬੱਚੇ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਹਨ। ਇਹ ਸਾਦਾ ਜਿਹਾ ਹੈ ਕਿ ਇਹ ਸਕੂਲਾਂ ਲਈ ਵਾਧੂ ਪੈਸੇ ਲੈਣ ਦਾ ਫੈਸਲਾ ਸਾਬਤ ਕਰਨ ਲਈ ਜ਼ੁਮੇਂਵਾਰ ਹੈ ਜਿਹੜੇ ਸਕੂਲ ਬਾਕਾਇਦਾ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਬੱਚੇ ਲੈਂਦੇ ਹਨ।

ਵਾਧੂ ਸਪੈਸ਼ਲ ਏਜੁਕੇਸ਼ਨਲ ਨੀਡਜ਼ ਦੀ ਮਿਕਦਾਰ ਕੁਝ ਸੌ ਪੌਂਡ ਜਾਂ ਫਿਰ ਕਈ ਹਜ਼ਾਰ ਪੌਂਡ ਵੀ ਹੋ ਸਕਦੀ ਹੈ। ਇਹ ਸਕੂਲ ਨੂੰ ਵਿਦਿਆਰਥੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਲੈਨ ਕਰਨ ਵਿੱਚ ਮਦਦ ਕਰਦਾ ਹੈ ਕਿ ਸਿੱਖਣ ਵਿੱਚ ਕਿਸ ਕਿਸਮ ਦੀ ਮਦਦ ਦੀ ਉਨ੍ਹਾਂ ਨੂੰ ਲੋੜ ਪਵੇਗੀ।

## ਸਕੂਲ ਐਕਸ਼ਨ ਪਲੱਸ ਲਈ ਅਤੇ ਸਟੇਟਮੈਂਟ ਵਾਲੇ ਵਿਦਿਆਰਥੀਆਂ ਲਈ ਫੰਡਿੰਗ
## Funding for School Action Plus and Statemented Pupils

ਸਪੈਸ਼ਲ ਏਜੂਕੇਸ਼ਨ ਨੀਡਜ਼ ਵਾਲੇ ਬਹੁਤੇ ਬੱਚਿਆਂ ਲਈ ਸਕੂਲ ਬਜ਼ਟ ਵਿੱਚੋਂ ਏਜ਼ ਵੇਟਿੰਡ ਪਿਊਪਲ ਯੂਨਿਟ ਅਤੇ ਸਕੂਲ ਐਕਸ਼ਨ ਫੰਡਿੰਗ ਵਰਤ ਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨਗੇ।

ਫਿਰ ਵੀ ਥੋੜ੍ਹੀ ਜਿਹੀ ਗਿਣਤੀ ਵਿੱਚ ਬੱਚਿਆਂ ਦੀਆਂ ਜ਼ਿਆਦਾ ਗੰਭੀਰ ਜਾਂ ਜ਼ਿਆਦਾ ਲੰਬੇ ਸਮੇਂ ਵਾਸਤੇ ਲੋੜਾਂ ਹੁੰਦੀਆਂ ਹਨ ਜਿਹੜੀਆਂ ਸ਼ਾਇਦ ਸਕੂਲ ਮਹਿਸੂਸ ਕਰੇ ਕਿ ਉਹ ਇਨ੍ਹਾਂ ਦੋ ਬਜ਼ਟਾਂ ਨਾਲ ਪੂਰਾ ਨਹੀਂ ਕਰ ਸਕਣਗੇ।

ਸਕੂਲ ਮੇਨਸਟਰੀਮ ਸਪੋਰਟ ਗਰੁੱਪ ਪਾਸੋਂ ਇਨ੍ਹਾਂ ਬੱਚਿਆਂ ਲਈ ਹੋਰ ਵਾਧੂ ਫੰਡਿੰਗ ਲਈ ਪੁੱਛ ਸਕਦੇ ਹਨ। ਉਹ ਆਮ ਤੌਰ ਤੇ ਉਹ ਬੱਚੇ ਹੋਣਗੇ ਜਿਨ੍ਹਾਂ ਲਈ ਸਕੂਲ ਪਹਿਲਾਂ ਹੀ ਕਾਫ਼ੀ ਇਕੱਲੇ ਇਕੱਲੇ ਲਈ ਮਦਦ ਪ੍ਰਦਾਨ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਸਪੈਸ਼ਲ ਏਜੂਕੇਸ਼ਨਲ ਨੀਡਜ਼ ਲਈ ਉਨ੍ਹਾਂ ਨੂੰ ਸਟੇਟਮੈਂਟ ਮਿਲੀ ਹੈ ਜਾਂ ਸਕੂਲ ਐਕਸ਼ਨ ਪਲੱਸ ਉੱਤੇ ਹਨ। ਸਕੂਲ ਐਕਸ਼ਨ ਪਲੱਸ ਤੇ ਸਾਰੇ ਬੱਚਿਆਂ ਨੂੰ ਇਕੱਲੇ ਇਕੱਲੇ ਲਈ ਮਦਦ ਨਹੀਂ ਮਿਲਦੀ–ਉਨ੍ਹਾਂ ਨੂੰ ਸ਼ਾਇਦ ਗਰੁੱਪਾਂ ਵਿੱਚ ਮਦਦ ਮਿਲਦੀ ਹੋਵੇ।

ਸਕੂਲਾਂ ਦੀ ਇਹ ਬੇਨਤੀ ਪੂਰੀ ਕਰਨ ਲਈ ਸੋਚਣ ਵਾਸਤੇ ਲੋਕਲ ਅਥੋਰਿਟੀ ਨੇ ਲੋਕਲ ਗਰੁੱਪਾਂ ਦੇ ਪ੍ਰੋਫ਼ੈਸ਼ਨਲਾਂ ਮਿੱਥੇ ਹਨ। ਇਨ੍ਹਾਂ ਗਰੁੱਪਾਂ ਨੂੰ ਮੇਨ ਸਟਰੀਮ ਸਪੋਰਟ ਗਰੁੱਪ ਕਿਹਾ ਜਾਂਦਾ ਹੈ ਅਤੇ ਇਹ ਲੋਕਲ ਅਥੋਰਿਟੀ ਦੇ ਅਫ਼ਸਰਾਂ ਦੀ ਪ੍ਰਧਾਨਗੀ ਹੇਠ ਹੁੰਦੇ ਹਨ। ਮੇਨਸਟਰੀਮ ਸਪੋਰਟ ਗਰੁੱਪਾਂ ਵਿੱਚ ਲੋਕਲ ਗਰੁੱਪਾਂ ਦੇ ਸਪੈਸ਼ਲ ਏਜੂਕੇਸ਼ਨ ਨੀਡਜ਼ ਕੋਆਰਡੀਨੇਟਰ, ਸੈਨਕੋ ਅਤੇ ਏਜੂਕੇਸ਼ਨਲ ਸਾਈਕੋਲੋਜੀ ਸਰਵਿਸਜ਼ ਦੇ ਪ੍ਰਤੀਨਿਧ, ਇਨਕਲੂਸਿਵ ਏਜੂਕੇਸ਼ਨ ਸਰਵਿਸ, ਵਰਤਾਓ ਦੀ ਮਦਦ ਵਾਲੀ ਟੀਮ ਅਤੇ ਸਕੂਲ ਬਾਰੇ ਸਲਾਹਕਾਰ ਜਾਂ ਇਨਸਪੈਕਟਰ ਵੀ ਸ਼ਾਮਲ ਹੁੰਦੇ ਹਨ। ਮੇਨਸਟਰੀਮ ਸਪੋਰਟ ਗਰੁੱਪਾਂ ਕੋਲ ਮਿੱਥੀ ਮਿਕਦਾਰ ਵਿੱਚ ਫੰਡ ਹੁੰਦਾ ਹੈ ਜੋਕਿ ਇਸ ਤਰੀਕੇ ਨਾਲ ਸਕੂਲਾਂ ਨੂੰ ਦਿੱਤਾ ਜਾ ਸਕਦਾ ਹੈ। ਸਕੂਲ ਸਟੇਨਡਰਡ ਫ਼ਾਰਮ ਭਰ ਕੇ ਇਸ ਫੰਡਿੰਗ ਲਈ ਅਪਲਾਈ ਕਰਦੇ ਹਨ। ਮੇਨਸਟਰੀਮ ਸਪੋਰਟ ਗਰੁੱਪਾਂ ਦੇ ਮੈਂਬਰ ਸਕੂਲਾਂ ਬਾਰੇ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਬਾਰੇ ਜਾਣਕਾਰੀ ਇਕੱਠੀ ਕਰਦੇ ਹਨ। ਫਿਰ ਮੇਨਸਟਰੀਮ ਸਪੋਰਟ ਗਰੁੱਪ ਲੋਕਲ ਏਰੀਏ ਦੀਆਂ ਸਾਰੀਆਂ ਬੇਨਤੀਆਂ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਸੋਚਦੇ ਹਨ ਕਿ ਏਰੀਏ ਵਿੱਚ ਉਨ੍ਹਾਂ ਬੱਚਿਆਂ ਲਈ ਜਿਨ੍ਹਾਂ ਦੀਆਂ ਸਪੈਸ਼ਲ ਏਜੂਕੇਸ਼ਨ ਨੀਡਜ਼ ਹਨ, ਜ਼ਰੀਏ ਕਿਵੇਂ ਵੰਡੇ ਜਾਣੇ ਹਨ।

ਜੋਵੀ ਪੈਸਾ ਸਕੂਲ ਨੂੰ ਮਿਲਦਾ ਹੈ ਉਹ ਟੀਚਿੰਗ ਅਸਿਸਟੈਂਟ ਦਾ ਸਮਾਂ ਜਾਂ ਜ਼ਰੀਏ ਪ੍ਰਦਾਨ ਕਰਨ ਲਈ ਵਰਤ ਸਕਦਾ ਹੈ ਮਿਸਾਲ ਦੇ ਤੌਰ ਤੇ ਇਕੱਲੇ ਇਕੱਲੇ ਬੱਚੇ ਲਈ ਜਾਂ ਬੱਚਿਆਂ ਦੇ ਗਰੁੱਪ ਲਈ ਸਾਜੋਸਮਾਨ ਦੀ ਲੋੜ ਹੋਵੇ। ਇਨਫਾਰਮੇਸ਼ਨ ਕੰਮਪਿਊਟਰ ਟੈਕਨਾਲੋਜੀ (ICT) ਸਾਜੋ ਸਮਾਨ ਲਈ ਜ਼ਰੂਰੀ ਹੈ ਕਿ ਸਕੂਲ ਵੱਖਰਾ ਪੈਸਾ ਲੈਣ ਲਈ ਅਪਲਾਈ ਕਰੇ ਜਿਸ ਨੂੰ 'ਜ਼ਿਆਦਾ ਮਹਿੰਗਾ ਸਾਜੋਸਮਾਨ' ਬਜ਼ਟ ਕਿਹਾ ਜਾਂਦਾ ਹੈ ਅਤੇ ਜੇ ਉਹ ਸਫ਼ਲ ਹੋਏ ਤਾਂ ਫਿਰ ਉਨ੍ਹਾਂ ਵਿਦਿਆਰਥੀਆਂ ਦੀ ਜ਼ਰੂਰਤ ਬਾਰੇ ਬੰਦੋਬਸਤ ਕਰਨਾ ਜ਼ਰੂਰੀ ਹੈ।

ਮੇਨਸਟਰੀਮ ਗਰੁੱਪ ਦੀ ਪੈਨਲ ਸਾਲ ਵਿੱਚ ਦੋ ਵਾਰੀ ਮਿਲਦੀ ਹੈ ਜਨਵਰੀ ਵਿੱਚ ਅਤੇ ਜੂਨ ਵਿੱਚ। ਜਨਵਰੀ ਦੀ ਮੀਟਿੰਗ ਮੇਨ ਮੀਟਿੰਗ ਹੁੰਦੀ ਹੈ ਜਦੋਂ ਪੈਨਲ ਫੰਡਿੰਗ ਦੇਣ ਦੀ ਬੇਨਤੀ ਉਨ੍ਹਾਂ ਵਿਦਿਆਰਥੀਆਂ ਬਾਰੇ ਲੈਂਦੀ ਹੈ ਜਿਹੜੇ ਪਹਿਲੀ ਜਨਵਰੀ ਦੀ ਮੀਟਿੰਗ ਵਿੱਚ ਲੋੜ ਲਈ ਪਛਾਣੇ ਨਹੀਂ ਗਏ ਸੀ (ਮਿਸਾਲ ਦੇ ਤੌਰ ਤੇ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਵਾਲੇ ਜਾਂ ਸੈਕੰਡਰੀ ਸਕੂਲ ਵਿੱਚ ਜਾਣ ਵਾਲੇ ਬੱਚੇ)

ਇਸ ਤਰ੍ਹਾਂ ਦੀ ਫੰਡਿੰਗ ਦੇ ਨਾਲ ਨਾਲ ਸਕੂਲਾਂ ਦੇ ਗਰੁੱਪ ਨੂੰ ਸਪੈਸ਼ਲ ਏਜੂਕੇਸ਼ਨਲ ਨੀਡਜ਼ ਵਾਲੇ ਬੱਚਿਆਂ ਲਈ ਗਰੁੱਪਾਂ ਨੂੰ ਇਕੱਠੇ ਮਿਲ ਕੇ ਜਵਾਬ ਦੇਣ ਲਈ ਲੋਕਲ ਅਥੋਰਿਟੀ ਸਕੂਲਾਂ ਦੇ ਗਰੁੱਪ ਨੂੰ ਇਕੱਠਿਆਂ ਜ਼ਰੀਏ ਦੇਵੇਗੀ। ਫਿਰ ਸਕੂਲਾਂ ਦੇ ਗਰੁੱਪਾਂ ਦੀ ਜ਼ੁਮੇਂਵਾਰੀ ਹੋਵੇਗੀ ਕਿ ਉਹ ਗਰੁੱਪ ਵਿੱਚ ਪਹਿਲ ਲਈ ਪਛਾਣੇ ਗਏ ਬੱਚਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜ਼ਰੀਹਿਆਂ ਲਈ ਨਿਸ਼ਾਨਾ ਮਿੱਥੇ। ਇਸ ਨੂੰ 'ਮਿੱਥਿਆ ਹੋਇਆ ਪੈਸਾ' ਕਿਹਾ ਜਾਂਦਾ ਹੈ।

ਹਰ ਸਾਲ ਲੋਕਲ ਅਥੋਰਿਟੀ ਵੱਖ ਵੱਖ ਏਰੀਆ ਨੂੰ ਦਿੱਤੇ ਗਏ ਪੈਸੇ ਲਈ ਨਮੂਨੇ ਦੇ ਤੌਰ ਤੇ ਦੇਖਦੀ ਹੈ ਤਾਂਕਿ ਇਸ ਗੱਲ ਦਾ ਯਕੀਨ ਹੋ ਜਾਵੇ ਕਿ ਮੇਨਸਟਰੀਮ ਸਪੋਰਟ ਗਰੁੱਪਾਂ ਦਾ ਫ਼ੈਸਲਾ ਦ੍ਰਿੜ ਹੈ।

## ਮੇਨਸਟਰੀਮ ਸਕੂਲਾਂ ਲਈ ਲੋਕਲ ਅਥੋਰਿਟੀ ਦੀ ਹੋਰ ਸਪੋਰਟ/ਮਦਦ
## Other LA support to mainstream schools

ਲੋਕਲ ਅਥੋਰਿਟੀ ਸਪੈਸ਼ਲ ਏਜੂਕੇਸ਼ਨਲ ਨੀਡਜ਼ ਵਾਲੇ ਬੱਚਿਆਂ ਨੂੰ ਕੰਮ ਵਿੱਚ ਮਦਦ ਕਰਨ ਲਈ ਸਕੂਲਾਂ ਦੇ ਸਟਾਫ਼ ਨੂੰ ਨੌਕਰੀ ਤੇ ਰੱਖ ਕੇ ਵੀ ਸਪੋਰਟ ਕਰਦੀ ਹੈ ਜੋਕਿ ਸਾਰੇ ਲੋਕਲ ਸਕੂਲਾਂ ਨਾਲ ਸਲਾਹ ਮਸ਼ਵਰਾ ਦੇਣ, ਮਦਦ ਅਤੇ ਟ੍ਰੇਨਿੰਗ ਦੇਣ ਲਈ ਕੰਮ ਕਰਦਾ ਹੈ। ਇਸ ਸਟਾਫ਼ ਦੀਆਂ ਟੀਮਾਂ ਹਨ: ਕਮਿਊਨੀਕੇਸ਼ਨ ਐਂਡ ਇੰਟਰ ਐਕਸ਼ਨ, ਸਿੱਖਣ ਅਤੇ ਸੋਚਣ, ਪੋਰਟੇਜ ਐਂਡ ਅਰਲੀ ਏਜੂਕੇਸ਼ਨ ਟੀਮ (PEET) , ਸਰੀਰਕ ਅਤੇ ਇੰਦਰੀਆਂ ਬਾਰੇ, ਅਤੇ ਵਰਤਾਓ ਵਿੱਚ ਮਦਦ ਲਈ ਟੀਮ (BST)

**ਇੱਥੇ ਕੁਝ ਸਵਾਲ ਹਨ ਜੋ ਕਦੀ ਕਦੀ ਸਪੈਸ਼ਲ ਏਜੁਕੇਸ਼ਨਲ ਨੀਡਜ਼ ਵਾਲੇ ਬੱਚਿਆਂ ਦੇ ਮਾਪੇ ਪੁੱਛਦੇ ਹਨ।**

**Here are some questions parents sometimes ask about resources to meet special educational needs.**

**ਮੈਂ ਕਿਵੇਂ ਪਤਾ ਕਰ ਸਕਦਾ/ਸਕਦੀ ਹਾਂ ਕਿ ਮੇਰੇ ਬੱਚੇ ਦਾ ਸਕੂਲ ਉਨ੍ਹਾਂ ਬੱਚਿਆਂ ਦੀ ਮਦਦ ਲਈ ਜਿਨ੍ਹਾਂ ਨੂੰ ਸਿੱਖਣ ਵਿੱਚ ਜ਼ਿਆਦਾ ਮਦਦ ਦੀ ਲੋੜ ਹੈ, ਕਿਵੇਂ ਬਜ਼ਟ ਵਰਤਦਾ ਹੈ?**

ਇਸ ਬਾਰੇ ਜਾਣਕਾਰੀ ਅਤੇ ਸਕੂਲ ਦੀ ਸਪੈਸ਼ਲ ਏਜੁਕੇਸ਼ਨਲ ਨੀਡਜ਼ ਬਾਰੇ ਪਾਲਿਸੀ ਗਵਰਨਰ ਦੀ ਸਲਾਨਾ ਰਿਪੋਰਟ ਵਿੱਚ ਸ਼ਾਮਲ ਹੋਣੀ ਚਾਹੀਦੀ ਹੈ। ਇਹ ਸਕੂਲ ਨੂੰ ਸਾਰੇ ਮਾਪਿਆਂ ਨੂੰ ਭੇਜਣੀ ਚਾਹੀਦੀ ਹੈ ਅਤੇ ਸਕੂਲ ਵਿੱਚ ਵੀ ਮਿਲਦੀ ਹੋਣੀ ਚਾਹੀਦੀ ਹੈ।

**ਕੀ ਮੇਰਾ ਬੱਚਾ ਸਟੇਟਮੈਂਟ ਲੈਣ ਤੋਂ ਬਿਨਾਂ ਮੇਨਸਟਰੀਮ ਗਰੁੱਪ ਦੀ ਫੰਡਿੰਗ ਲੈ ਸਕਦਾ ਹੈ?**

ਹਾਂ। ਇਹ ਫੰਡਿੰਗ ਸਕੂਲ ਐਕਸ਼ਨ ਪਲੱਸ ਵਾਲੇ ਬੱਚਿਆਂ ਲਈ ਮਿਲਦੀ ਹੈ।

**ਜੇ ਮੇਰੇ ਬੱਚੇ ਨੂੰ ਸਪੈਸ਼ਲ ਏਜੁਕੇਸ਼ਨਲ ਨੀਡਜ਼ ਲਈ ਸਟੇਟਮੈਂਟ ਦਿੱਤੀ ਗਈ ਹੈ ਤਾਂ ਕੀ ਉਸ ਨੂੰ ਮੇਨਸਟਰੀਮ ਗਰੁੱਪ ਵਲੋਂ ਜ਼ਿਆਦਾ ਮਦਦ ਮਿਲੇਗੀ?**

ਨਹੀਂ। ਮੇਨਸਟਰੀਮ ਗਰੁੱਪ ਸਿਸਟਮ ਬਹੁਤ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਲਈ ਮਿਲਦਾ ਹੈ। ਚਾਹੇ ਉਨ੍ਹਾਂ ਨੂੰ ਸਟੇਟਮੈਂਟ ਹੈ ਜਾਂ ਨਹੀਂ। ਇਹ ਫੈਸਲੇ ਉਨ੍ਹਾਂ ਪ੍ਰੋਫੈਸ਼ਨਲਾਂ ਦੇ ਗਰੁੱਪਾਂ ਵਲੋਂ ਬਣਾਏ ਜਾਂਦੇ ਹਨ ਜਿਹੜੇ ਲੋਕਲ ਸਕੂਲਾਂ ਲਈ ਵਾਕਫ਼ ਹਨ। ਮੇਨਸਟਰੀਮ ਗਰੁੱਪ ਇਨਸਾਫ਼ ਨਾਲ ਜ਼ਰੀਏ ਉਨ੍ਹਾਂ ਬੱਚਿਆਂ ਲਈ ਵੰਡਦਾ ਹੈ ਜਿਨ੍ਹਾਂ ਦੀਆਂ ਜ਼ਰੂਰਤਾਂ ਬਹੁਤ ਉੱਚੇ ਲੈਵਲ ਦੀਆਂ ਹੋਣ ਚਾਹੇ ਸਟੇਟਮੈਂਟ ਹੈ ਜਾਂ ਨਹੀਂ।

**ਇੱਕਵਾਰ ਜਦੋਂ ਮੇਨਸਟਰੀਮ ਗਰੁੱਪ ਨੇ ਮੇਰੇ ਬੱਚੇ ਲਈ ਵਾਧੂ ਫੰਡਿੰਗ ਦੇ ਦਿੱਤੀ ਤਾਂ ਕੀ ਇਹ ਉਸੇ ਲੈਵਲ ਤੇ ਰਹੇਗੀ?**

ਜ਼ਰੂਰੀ ਨਹੀਂ। ਬੱਚਿਆਂ ਦੀਆਂ ਲੋੜਾਂ ਬਦਲਦੀਆਂ ਹੀ ਰਹਿੰਦੀਆਂ ਹਨ। ਇੱਕ ਬੱਚਾ ਸ਼ਾਇਦ ਕਾਫ਼ੀ ਤਰੱਕੀ ਕਰੇ ਅਤੇ ਉਸ ਨੂੰ ਇਕੱਲੇ ਇਕੱਲੇ ਲਈ ਘੱਟ ਮਦਦ ਦੀ ਲੋੜ ਹੋਵੇ ਜਦੋਂ ਕਿ ਦੂਸਰੇ ਨੂੰ ਸ਼ਾਇਦ ਪਹਿਲਾਂ ਮਿੱਥੀ ਮਦਦ ਨਾਲੋਂ ਵੀ ਜ਼ਿਆਦਾ ਮਦਦ ਦੀ ਲੋੜ ਹੋਵੇ। ਸਕੂਲ ਵਿਦਿਆਰਥੀਆਂ ਦੀ ਤਰੱਕੀ ਤੇ ਮੁੜ੍ਹ ਵਿਚਾਰ ਕਰਨ ਲਈ ਜ਼ੁਮੇਂਵਾਰ ਹੈ ਅਤੇ ਮੇਨਸਟਰੀਮ ਗਰੁੱਪ ਦੀਆਂ ਹਰ ਸਾਲ ਦੀਆਂ ਮੀਟਿੰਗਾਂ ਲਈ ਜਾਣਕਾਰੀ ਨਵੀ ਤਾਜ਼ੀ ਕਰਨ ਲਈ ਜ਼ੁਮੇਂਵਾਰ ਹੈ।

**ਮੇਰੇ ਬੱਚੇ ਦੀ ਸਕੂਲ ਵਿੱਚ ਬਾਕਾਇਦਾ ਤਰੱਕੀ ਅਤੇ ਸਪੋਰਟ ਤੇ ਮੁੜ੍ਹ ਵਿਚਾਰ ਹੁੰਦੀ ਹੈ ਅਤੇ ਮੈਂ ਇਨ੍ਹਾਂ ਮੀਟਿੰਗਾਂ ਵਿੱਚ ਹਿੱਸਾ ਪਾਉਂਦਾ/ਪਾਉਂਦੀ ਹਾਂ। ਮੇਨਸਟਰੀਮ ਗਰੁੱਪ ਮੀਟਿੰਗਾਂ ਤੇ ਮੇਰੇ ਬੱਚੇ ਤੇ ਅਸਰ ਪਾਉਣ ਵਾਲੇ ਫੈਸਲੇ ਮੇਰੇ ਤੋਂ ਬਿਨਾਂ ਕਿਉਂ ਕੀਤੇ ਜਾਂਦੇ ਹਨ?**

ਤੁਹਾਡੇ ਬੱਚੇ ਦਾ ਸਕੂਲ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਅਤੇ ਉਸ ਦੀ ਇਕੱਲੇ ਦੀ ਏਜੁਕੇਸ਼ਨਲ ਪਲੈਨ ਬਾਰੇ ਮੇਨਸਟਰੀਮ ਗਰੁੱਪ ਨੂੰ ਇਸ ਵੇਲੇ ਦੀ ਨਵੀਂ ਤਾਜ਼ੀ ਜਾਣਕਾਰੀ ਦੇਵੇਗਾ। ਮੇਨਸਟਰੀਮ ਗਰੁੱਪ ਪੈਨਲ ਇਹ ਜਾਣਕਾਰੀ ਤੁਹਾਡੇ ਬੱਚੇ ਦੀਆਂ ਲੋੜਾਂ, ਤਰੱਕੀ ਅਤੇ ਅਗਲੇ ਸਾਲ ਲਈ ਇਕੱਲੇ ਲਈ ਏਜੁਕੇਸ਼ਨਲ ਪਲੈਨ ਲਈ ਨਿਸ਼ਾਨੇ ਬੰਨਣ ਲਈ ਵਰਤਦਾ ਹੈ।

**ਕੀ ਮੇਨਸਟਰੀਮ ਗਰੁੱਪ ਦੀ ਮੰਗ, ਇਕੱਲੇ ਵਿਦਿਆਰਥੀ ਦੇ ਵੇਰਵੇ, ਇਕੱਲੇ ਵਿਦਿਆਰਥੀ ਦੀ ਏਜੁਕੇਸ਼ਨਲ ਪਲੈਨ ਦੇਖਣ ਦਾ ਮੇਰਾ ਹੱਕ ਹੈ?**

ਜੇ ਇਹ ਤੁਹਾਡੇ ਬੱਚੇ ਦੇ ਸਕੂਲ ਦੇ ਰਿਕਾਰਡ ਵਿੱਚ ਰੱਖੀ ਹੋਵੇ ਤਾਂ ਤੁਸੀਂ ਸ਼ਾਇਦ ਇਹ ਜਾਣਕਾਰੀ ਦੇਖ ਸਕੋ। ਪਰ ਸਾਰੇ ਸਕੂਲ ਮੇਨਸਟਰੀਮ ਗਰੁੱਪ ਦਾ ਪੇਪਰਵਰਕ ਇਸ ਤਰੀਕੇ ਨਾਲ ਨਹੀਂ ਰੱਖਦੇ ਕਿ ਮਾਪੇ ਇਸ ਨੂੰ ਸਮਝ ਸਕਣ।
ਇਸ ਨਾਲ ਫਾਇਦਾ ਹੋਵੇਗਾ ਕਿ ਆਪਣੇ ਬੱਚੇ ਦੀ ਇਕੱਲੇ ਲਈ ਵਿਦਿਆਰਥੀ ਦੇ ਵੇਰਵੇ ਰੱਖਣ ਵਾਲੀ ਫਾਇਲ ਦੇਖੀ ਜਾਵੇ।

**ਸਕੂਲ ਜੋ ਮੇਨਸਟਰੀਮ ਗਰੁੱਪ ਨੂੰ ਲਿੱਖਤੀ ਜਾਣਕਾਰੀ ਭੇਜਦਾ ਹੈ ਜੇ ਇਹ ਬਹੁਤ ਵਧੀਆ ਹੋਵੇ ਤਾਂ ਕੀ ਇਸ ਨਾਲ ਨਤੀਜ਼ੇ ਤੇ ਅਸਰ ਹੋਵੇਗਾ?**

ਨਹੀਂ। ਜਾਣਕਾਰੀ ਦੇਣ ਲਈ ਸਕੂਲ ਸਿਰਫ਼ ਸਟੇਨਡਰਡ ਫ਼ਾਰਮ ਵਰਤਦਾ ਹੈ।

**ਜੇ ਮੈਂ ਬਹੁਤ ਦ੍ਰਿੜ ਇਰਾਦਾ ਰੱਖਦੀ/ਰੱਖਦਾ ਹੋਵਾਂ ਕਿ ਮੇਨਸਟਰੀਮ ਗਰੁੱਪ ਮੇਰੇ ਬੱਚੇ ਦੇ ਸਕੂਲ ਨੂੰ ਕਾਫ਼ੀ ਮਦਦ/ਸਪੋਰਟ ਨਹੀਂ ਦੇ ਰਿਹਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?**

ਤੁਸੀਂ ਆਪਣੇ ਬੱਚੇ ਦੇ ਸਕੂਲ ਸਪੈਸ਼ਲ ਏਜੁਕੇਸ਼ਨਲ ਨੀਡਜ਼ ਕੋਆਰਡੀਨੇਟਰ ਨਾਲ ਗੱਲ ਕਰ ਸਕਦੇ ਹੋ। ਉਸ ਦੇ ਸ਼ਾਇਦ ਕੋਈ ਸੁਝਾਓ ਹੋਣ। ਮਾਪੇ ਹੋਣ ਦੇ ਨਾਤੇ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਅਗਲੀ ਰਿਵਿਉ ਤੱਕ ਆਪਣੇ ਬੱਚੇ ਦੀ ਤਰੱਕੀ ਇਕੱਲੇ ਲਈ ਏਜੁਕੇਸ਼ਨਲ ਪਲੈਨ ਤੇ ਮਾਨੀਟਰ ਕਰਨ ਵਿੱਚ ਮਦਦ ਕਰੋ। ਇਹ ਰਿਵਿਉ ਵਿੱਚ ਦਿਖਾਇਆ ਜਾਣਾ ਚਾਹੀਦਾ ਹੈ ਕਿ ਜੇ ਬੱਚਾ ਇਕੱਲੇ ਲਈ ਏਜੁਕੇਸ਼ਨਲ ਪਲੈਨ ਵਿੱਚ ਮਿੱਥੇ ਗਏ ਨਿਸ਼ਾਨੇ ਪੂਰੇ ਕਰਦਾ ਹੈ ਜਾਂ ਨਹੀਂ। ਜੇ ਉਨ੍ਹਾਂ ਨੂੰ ਕਾਫ਼ੀ ਸਪੋਰਟ ਮਿਲਦੀ ਹੈ ਜਾਂ ਨਹੀਂ।

ਇਹ ਪਰਚਾ ਸਪੈਸ਼ਲ ਏਜੁਕੇਸ਼ਨਲ ਨੀਡਜ਼ ਵਾਲੇ ਬੱਚਿਆਂ ਦੀ ਪੜ੍ਹਾਈ ਬਾਰੇ ਪੈਸਾ ਦੇਣ ਦੇ ਨੌਟਿੰਘਮ ਸਿਟੀ ਦੇ ਸਿਸਟਮ ਬਾਰੇ ਦੱਸਦਾ ਹੈ। ਇਹ ਕਾਫ਼ੀ ਗੁੰਝਲ ਵਾਲਾ ਸਿਸਟਮ ਹੈ ਪਰ ਪਰਚਾ ਸਕੂਲਾਂ ਦੀ ਸਾਰੀ ਮਾਲੀ ਮਦਦ ਦੇ ਸੰਬੰਧ ਵਿੱਚ ਮੇਨਸਟਰੀਮ ਗਰੁੱਪ ਫੰਡਿੰਗ ਬਾਰੇ ਦੱਸਣ ਦੀ ਕੋਸ਼ਿਸ਼ ਕਰਦਾ ਹੈ।

ਨੌਟਿੰਘਮ ਸਿਟੀ ਲੋਕਲ ਅਥੋਰਿਟੀ ਸਪੈਸ਼ਲ ਏਜੁਕੇਸ਼ਨਲ ਨੀਡਜ਼ ਵਾਲੇ ਬੱਚਿਆਂ ਲਈ ਸਰਵਿਸਾਂ ਤੇ ਮੁੜ ਵਿਚਾਰ ਕਰਨ ਅਤੇ ਇਨ੍ਹਾਂ ਵਿੱਚ ਸੁਧਾਰ ਲਿਆਉਣ ਲਈ ਅਤੇ ਜਿਸ ਤਰੀਕੇ ਨਾਲ ਇਹ ਮਾਪਿਆਂ ਨਾਲ ਕੰਮ ਕਰਦਾ ਹੈ, ਬਚਨਬੱਧ ਹੈ।

ਜੇ ਮੇਨਸਟਰੀਮ ਗਰੁੱਪ ਸਿਸਟਮ ਬਾਰੇ ਜਾਂ ਇਸ ਪਰਚੇ ਬਾਰੇ ਤੁਹਾਡੇ ਕੋਈ ਵਿਚਾਰ ਜਾਂ ਟਿਪਣੀ ਹੋਵੇ ਤਾਂ ਮਿਹਰਬਾਨੀ ਕਰਕੇ ਪੇਰੇਂਟ ਪਾਰਟਨਰਸ਼ਿੱਪ ਸਰਵਿਸ ਨਾਲ ਹੇਠ ਲਿੱਖੇ ਪਤੇ ਤੇ ਸੰਪਰਕ ਕਰੋ।

ਅਸੀਂ ਮਾਪਿਆਂ, ਸਕੂਲਾਂ ਅਤੇ ਲੋਕਲ ਅਥੋਰਿਟੀ ਨਾਲ ਅਤੇ ਵਲੰਟਰੀ ਸੈਕਟਰ ਨਾਲ ਕੰਮ ਕਰਦੇ ਹਾਂ ਤਾਂਕਿ ਇਨ੍ਹਾਂ ਨੂੰ ਸਪੈਸ਼ਲ ਏਜੁਕੇਸ਼ਨਲ ਨੀਡਜ਼ ਵਾਲੇ ਬੱਚਿਆਂ ਨੂੰ ਸਰਵਿਸਾਂ ਦੇਣ ਲਈ ਇਕੱਠੇ ਮਿਲਕੇ ਕੰਮ ਕਰਨ ਲਈ ਪ੍ਰੇਰਿਆ ਜਾਵੇ। ਇੱਕ ਹੋਰ ਪਰਚਾ ਸ਼ਾਇਦ ਤੁਸੀਂ ਫਾਇਦੇਮੰਦ ਸਮਝੋ "ਇੱਕ ਹੋਰ ਵਾਧੂ ਮਦਦ", ਇਹ ਦੱਸਦਾ ਹੈ ਕਿ ਟੀਚਿੰਗ ਅਸਿਸਟੈਂਟ ਸਕੂਲਾਂ ਵਿੱਚ ਇਕੱਲੇ ਇਕੱਲੇ ਲਈ ਮਦਦ ਦੇਣ ਲਈ ਕਿਵੇਂ ਕੰਮ ਕਰਦੇ ਹਨ।

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ ਫੈਮਿਲੀ ਵੇਲਫੈਅਰ (ਪਰਿਵਾਰ ਦੀ ਭਲਾਈ) ਏਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮਸ਼ਾਇਰ ਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN
ਫੋਨ, ਫੈਕਸ ਜਾਂ ਮਿਨੀਕਮ: 0115 948 2888
ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।
ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk

Panjabi

ਮਾਪਿਆਂ ਲਈ ਰਾਹਨੁਮਾਈ

# ਸਿਟੀ ਦੇ ਮੇਨ ਸਟਰੀਮ ਸਕੂਲਾਂ ਵਿੱਚ ਸਪੈਸ਼ਲ ਏਜੁਕੇਸ਼ਨ ਨੀਡਜ਼ ਅਤੇ ਡਿਸਏਬਿਲਟੀਜ਼ ਲਈ ਸਾਜੋਸਮਾਨ

**Resources for special educational needs and disabilities in Mainstream city Schools**

ਸਪੈਸ਼ਲ ਏਜੁਕੇਸ਼ਨ ਨੀਡਜ਼ ਅਤੇ ਡਿਸਏਬਿਲਟੀ ਵਾਲੇ ਬੱਚਿਆਂ ਦੇ ਮਾਪਿਆਂ ਅਤੇ ਕੇਅਰਰਾਂ ਲਈ ਜਾਣਕਾਰੀ

ਇਹ ਪਰਚਾ ਦੱਸਦਾ ਹੈ ਕਿ ਸਪੈਸ਼ਲ ਏਜੁਕੇਸ਼ਨ ਨੀਡਜ਼ ਵਾਲੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੇਨ ਸਟਰੀਮ ਸਕੂਲਾਂ ਦੀ ਮਦਦ ਕਰਨ ਲਈ ਪੈਸਾ ਕਿਵੇਂ ਦਿੱਤਾ ਜਾਂਦਾ ਹੈ। ਇਹ ਖਾਸ ਤੌਰ ਤੇ ਉਨ੍ਹਾਂ ਮਾਪਿਆਂ ਲਈ ਫਾਇਦੇਮੰਦ ਹੈ ਜਿਨ੍ਹਾਂ ਦੇ ਬੱਚੇ ਮੇਨਸਟਰੀਮ ਸਪੋਰਟ ਗਰੁੱਪ ਸਿਸਟਮ ਵਲੋਂ ਕੁਝ ਸਪੋਰਟ ਹਾਸਲ ਕਰਦੇ ਹਨ।